# ਮਾਪੇ ਵੀ ਗਿਣਦੇ ਹਨ

## ਗਿਣਤੀ ਕਰਕੇ ਆਪਣੇ ਬੱਚੇ ਦੀ ਮਦਦ ਕਰਨੀ

ਬੱਚਿਆਂ ਲਈ ਅੰਕਾਂ ਨਾਲ ਪਹਿਲਾ ਅਨੁਭਵ 'ਗਿਣਤੀ' ਤੋਂ ਹੀ ਸ਼ੁਰੂ ਹੁੰਦਾ ਹੈ। ਗਿਣਤੀ, ਜਿਵੇਂ ਕਿ ਨਰਸਰੀ ਦੀਆਂ ਤੁਕਬੰਦੀਆਂ (ਕਵਿਤਾਵਾਂ) ਤੋਂ ਹੀ ਸ਼ਬਦਾਂ ਨੂੰ ਬਣਾਉਣ ਦਾ ਤਰੀਕਾ ਸਿੱਖਣ ਦੀ ਸ਼ੁਰੂਆਤ ਹੁੰਦੀ ਹੈ। ਜਿਵੇਂ-ਜਿਵੇਂ ਬੱਚੇ ਗਿਣਤੀ ਸਿੱਖਦੇ ਜਾਂਦੇ ਹਨ ਉਹ ਸ਼ਬਦਾਂ ਨੂੰ ਵਸਤਾਂ ਦੀ ਮਾਤਰਾ ਜਾਂ ਗਿਣਤੀ ਨਾਲ ਜੋੜਨਾ ਸ਼ੁਰੂ ਕਰ ਦਿੰਦੇ ਹਨ।

### ਬੱਚੇ ਗਿਣਤੀ ਅਤੇ ਅੰਕਾਂ ਦੀ ਵਰਤੋਂ ਕਰਨੀ ਕਿਵੇਂ ਸਿੱਖਦੇ ਹਨ ?

ਬੱਚੇ ਦੁਹਰਾਅ ਰਾਹੀਂ ਸ਼ਬਦਾਂ ਨੂੰ ਗਿਣਨ ਦੀ ਜਾਚ ਸਿੱਖਦੇ ਹਨ। ਸ਼ੁਰੂ ਵਿਚ ਏਸ ਜਾਚ ਵਿਚ ਕੁਝ ਵਿੱਥਾਂ ਰਹਿ ਸਕਦੀਆਂ ਹਨ, ਜਿਵੇਂ ਬੱਚਾ ਇੱਕ ਲੜੀ ਵਿਚੋਂ ਕੋਈ ਅੰਕ ਛੱਡ ਸਕਦਾ ਹੈ ਜਾਂ ਆਪਣੇ ਵਲੋਂ ਹੀ ਕੋਈ ਅੰਕ ਉਸ ਥਾਂ ਉਤੇ ਭਰ ਸਕਦਾ । ਆਮ ਤੌਰ ਉਤੇ ਬੱਚਾ 'ਟਵੈਂਟੀ ਨਾਈਨ' ਮਗਰੋਂ 'ਟਵੈਂਟੀ ਟੈਨ' ਆਖ ਦਿੰਦਾ ਹੈ।

ਹਰੇਕ ਅੰਕ ਲਈ ਸ਼ਬਦਾਂ ਨੂੰ ਸਹੀ ਕ੍ਰਮ ਵਿਚ ਯਾਦ ਰੱਖਣਾ ਕੇਵਲ "ਗਿਣਤੀ" ਦੀ ਪ੍ਰਕਿਰਿਆ ਦਾ ਇੱਕ ਹਿੱਸਾ ਹੈ। ਬੱਚਿਆਂ ਨੂੰ 'ਗਿਣਨ' ਲਈ ਅੰਕਾਂ ਦੇ ਸ਼ਬਦਾਂ ਨੂੰ ਸਹੀ 'ਵਸਤਾਂ' ਨਾਲ ਜੋੜਨ ਦੀ ਲੋੜ ਹੁੰਦੀ ਹੈ।

ਬੱਚਿਆਂ ਨੂੰ ਅਭਿਆਸ ਕਰਨ, ਸਮੂਹਾਂ ਨੂੰ ਗਿਣਨ ਅਤੇ ਸਮੂਹ ਬਣਾਉਣ ਦੇ ਅਨੇਕ ਮੌਕੇ ਦੇਣੇ ਚਾਹੀਦੇ ਹਨ। ਬੱਚਿਆਂ ਨੂੰ ਅੰਕਾਂ ਦੀ ਸ਼ਨਾਖ਼ਤ ਕਰਨ ਅਤੇ ਅੰਕਾਂ ਦੇ ਨਾਮ ਰੱਖਣ ਦੀ ਲੋੜ ਹੁੰਦੀ ਹੈ।




Curriculum K–12 Directorate, © NSW Department of Education

# ਮਾਪੇ ਵੀ ਗਿਣਦੇ ਹਨ

## ਤੁਸੀਂ ਘਰ ਵਿਚ ਕੀ ਕਰ ਸਕਦੇ ਹੋ ?



- ਕਾਰਡੀਗਨ ਜਾਂ ਕਮੀਜ਼ ਪਾਉਣ ਲੱਗਿਆਂ ਆਪਣੇ ਬੱਚੇ ਨਾਲ ਕਮੀਜ਼ ਜਾਂ ਪਾਏ ਜਾਣ ਵਾਲੇ ਕਿਸੇ ਹੋਰ ਕੱਪੜੇ ਉਤੇ ਲੱਗੇ ਬਟਨ ਗਿਣੋ।
- ਧੋਤੇ ਹੋਏ ਕੱਪੜਿਆਂ ਨੂੰ ਟੰਗਣ ਲਈ ਘਰ ਵਿਚ ਮੌਜੂਦ ਖੂੰਟੀਆਂ ਦੀ ਗਿਣਤੀ ਕਰਨ ਲਈ ਆਪਣੇ ਬੱਚੇ ਨੂੰ ਉਤਸ਼ਾਹਿਤ ਕਰੋ।
- ਸਾਹਮਣੇ ਵਾਲੇ ਦਰਵਾਜ਼ੇ ਤੋਂ ਲੈਟਰ-ਬਾੱਕਸ ਤੱਕ ਦੇ ਕਦਮਾਂ ਦੀ ਗਿਣਤੀ ਕਰੋ।
- ਇੱਕ ਕਾਰਟਨ ਵਿਚ ਮੌਜੂਦ ਆਂਡਿਆਂ ਦੀ ਗਿਣਤੀ ਕਰੋ ਅਤੇ ਉਥੋਂ ਕੁੱਝ ਆਂਡੇ ਹਟਾ ਕੇ ਫਿਰ ਗਿਣਤੀ ਕਰੋ।
- ਇਹ ਗਿਣੋ ਕਿ ਤੁਸੀਂ ਇੱਕ ਗੇਂਦ ਨੂੰ ਇੱਕ ਵਾਰ ਵੀ ਡੇਗੇ ਬਗ਼ੈਰ ਕਿੰਨੀ ਵਾਰ ਇੱਕ ਦੂਜੇ ਵੱਲ ਸੁੱਟ ਸਕਦੇ ਹੋ।
- ਉਨ੍ਹਾਂ ਕਹਾਣੀਆਂ ਅਤੇ ਕਵਿਤਾਵਾਂ ਨੂੰ ਪੜ੍ਹੋ ਅਤੇ ਉਨ੍ਹਾਂ ਬਾਰੇ ਗੱਲਾਂ ਕਰੋ, ਜਿਨ੍ਹਾਂ ਵਿੱਚ ਅੰਕਾਂ ਦਾ ਜ਼ਿਕਰ ਹੁੰਦਾ ਹੈ।
- ਉਹ ਗੀਤ ਅਤੇ ਨਰਸਰੀ ਦੀਆਂ ਕਵਿਤਾਵਾਂ ਗਾਓ, ਜਿਨ੍ਹਾਂ ਵਿਚ ਅੰਕ ਹੋਣ ਜਿਵੇਂ ਕਿ 'ਫਾਈਵ ਲਿਟਲ ਡਕਸ'' ਅਤੇ 'ਬਾ ਬਾ ਬਲੈਕ ਸ਼ੀਪ'।
- ਕੀ ਤੁਹਾਡਾ ਬੱਚਾ ਉਦੋਂ ਹੀ ਗਿਣਨ ਲੱਗ ਗਿਆ ਸੀ ਜਿਉਂ ਹੀ ਉਸ ਨੇ ਗਿਣਤੀ ਸਿੱਖੀ ਸੀ। ਆਪਣੇ ਬੱਚੇ ਨੂੰ ਸਿਖਾਓ ਕਿ ਜਦੋਂ ਤੁਸੀਂ ਗਿਣਤੀ ਗਿਣੋ ਤਾਂ ਉਹ ਤੁਹਾਡੇ ਪਿੱਛੇ ਬੋਲੇ।
- ਆਪਣੇ ਬੱਚੇ ਨੂੰ ਕਹੋ ਕਿ ੧ ਅੰਕ ਦੀ ਥਾਂ ਕਿਸੇ ਹੋਰ ਅੰਕ ਤੋਂ ਗਿਣਤੀ ਸ਼ੁਰੂ ਕਰੇ। ਇਸ ਨਾਲ ਉਹ ਲੋੜ ਪੈਣ ਉਤੇ ਦੋ ਸਮੂਹਾਂ ਨੂੰ ਆਸਾਨੀ ਨਾਲ ਜੋੜ ਸਕੇਗਾ ਅਤੇ ਵੱਡੇ ਸਮੂਹ ਤੋਂ ਗਿਣਤੀ ਵੀ ਸ਼ੁਰੂ ਕਰ ਸਕੇਗਾ।
- ਆਪਣੇ ਬੱਚੇ ਨੂੰ ਪੁੱਛੋ ਕਿ ਇੱਕ ਖ਼ਾਸ ਅੰਕ ਤੋਂ ਪਹਿਲਾਂ ਅਤੇ ਬਾਅਦ ਵਿਚ ਕਿਹੜਾ ਅੰਕ ਆਉਂਦਾ ਹੈ। ਅਗਲੇ ਸਾਲ ਤੂੰ ਕਿੰਨੇ ਸਾਲ ਦਾ ਹੋ ਜਾਵੇਂਗਾ ? ਪਿਛਲੇ ਸਾਲ ਤੇਰੀ ਉਮਰ ਕਿੰਨੇ ਸਾਲਾਂ ਦੀ ਸੀ ?
- ਮੇਜ਼ ਠੀਕ ਕਰਦਿਆਂ ਆਪਣੇ ਬੱਚੇ ਨੂੰ ਕਹੋ ਕਿ ਉਹ ਸਭਨਾਂ ਲਈ ਠੀਕ ਢੰਗ ਨਾਲ ਪਲੇਟਾਂ, ਕੱਪ ਜਾਂ ਛੁਰੀ-ਕਾਂਟੇ ਗਿਣ ਕੇ ਦੇਵੇ।





Curriculum K–12 Directorate, © NSW Department of Education

# ਮਾਪੇ ਵੀ ਗਿਣਦੇ ਹਨ



- ਅਜਿਹੀਆਂ ਖੇਡਾਂ ਖੇਡੋ ਜਿਨ੍ਹਾਂ ਵਿਚ ਪਾਸਾ (ਡਾਈ) ਸੁੱਟਣ ਮਗਰੋਂ ਉਸ ਪਾਸੇ ਉਤੇ ਮੌਜੂਦ ਬਿੰਦੀਆਂ ਦੀ ਗਿਣਤੀ ਕਰਕੇ ਖੇਡ ਅੱਗੇ ਚਲਦੀ ਹੋਵੇ, ਜਿਵੇਂ ਕਿ ਡੋਮਿਨੋਸ, ਲੁੱਡੋ, ਤਾਸ਼ ਜਾਂ ਕਾਰਡਾਂ ਨਾਲ ਸੰਬੰਧਤ ਖੇਡਾਂ ਜਾਂ ਬੋਰਡ ਉਤੇ ਖੇਡੀਆਂ ਜਾਣ ਵਾਲੀਆਂ ਖੇਡਾਂ। ਇਸ ਤਰ੍ਹਾਂ ਬੱਚਾ ਖੇਡਣ ਦੇ ਨਾਲ-ਨਾਲ ਗਿਣਤੀ ਵੀ ਸਿੱਖੇਗਾ। ਪਾਸਾ ਬਦਲ-ਬਦਲ ਕੇ ਬੱਚੇ ਨੂੰ ਪੜ੍ਹਨਾ ਸਿਖਾਉਣ ਅਤੇ ਅੰਕਾਂ ਦੀ ਪਛਾਣ ਕਰਨ ਵਿਚ ਮਦਦ ਕੀਤੀ ਜਾ ਸਕਦੀ ਹੈ।
- ਕੌਡੀਆਂ ਜਾਂ ਖੋਲ ਗਿਣੋ ਅਤੇ ਉਨ੍ਹਾਂ ਦੀ ਛਾਂਟੀ ਕਰੋ। ਗਿਣੋ ਕਿ ਹਰੇਕ ਸਮੂਹ ਵਿਚ ਕਿੰਨੀਆਂ ਕੌਡੀਆਂ ਹਨ।
- ਲਾਇਸੰਸ ਪਲੇਟਾਂ ਅਤੇ ਸੜਕ ਦੇ ਸੰਕੇਤ-ਚਿੰਨ੍ਹਾਂ ਨੂੰ ਧਿਆਨ ਨਾਲ ਵੇਖੋ ਅਤੇ ਉਨ੍ਹਾਂ ਨੂੰ ਪੜ੍ਹੋ।
- ਆਪਣੇ ਬੱਚੇ ਨੂੰ ਕਹੋ ਕਿ ਪਾਈ, ਕੁਇਸ਼, ਫਲ ਜਾਂ ਸੈਂਡਵਿਚ ਜਿਹਾ ਭੋਜਨ ਗਿਣ ਕੇ ਟੁਕੜਿਆਂ ਵਿਚ ਕੱਟਣ ਵਿਚ ਉਹ ਤੁਹਾਡੀ ਮਦਦ ਕਰੇ।
- ਖਾਲੀ ਕਾਰਟਨਾਂ ਤੋਂ ਫਾਰਮਯਾਰਡ ਤਿਆਰ ਕਰੋ। ਆਪਣੇ ਬੱਚੇ ਨੂੰ ਕਹੋ ਹਰੇਕ ਯਾਰਡ ਵਿਚ ਉਹ ਖਿਡੌਣੇ ਜਾਨਵਰਾਂ ਨੂੰ ਗਿਣ-ਗਿਣ ਕੇ ਹੀ ਰੱਖੇ। ਬੱਚੇ ਨੂੰ ਅਜਿਹੇ ਸੁਆਲ ਪੁੱਛੋ ਜਿਵੇਂ ਕਿ : ਕਿਹੜੇ ਯਾਰਡ ਵਿਚ ਸਭ ਤੋਂ ਵੱਧ ਜਾਨਵਰ ਰੱਖੇ ਹੋਏ ਹਨ ? ਇਕ ਯਾਰਡ ਵਿਚ ਕੁੱਝ ਖਿਡੌਣੇ ਜਾਨਵਰ ਰੱਖ ਕੇ ਬੱਚੇ ਨੂੰ ਉਨ੍ਹਾਂ ਦੀ ਗਿਣਤੀ ਕਰਨ ਲਈ ਕਹੋ, ਫੇਰ ਉਥੇ ਕੁੱਝ ਹੋਰ ਜਾਨਵਰ ਰੱਖ ਕੇ ਉਸ ਨੂੰ ਮੁੜ ਉਨ੍ਹਾਂ ਦੀ ਗਿਣਤੀ ਕਰਨ ਲਈ ਕਹੋ।
- ਆਪਣੇ ਬੱਚੇ ਨੂੰ ਫੋਨ ਨੰਬਰ ਯਾਦ ਕਰਨ ਅਤੇ ਫੋਨ ਉਤੇ ਸਹੀ ਨੰਬਰ ਦਬਾਉਣ ਵਿਚ ਉਸਦੀ ਮਦਦ ਕਰੋ।


Curriculum K–12 Directorate, © NSW Department of Education